ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ ਸਿ:) ਪੰਜਾਬ,ਐਸ.ਏ.ਐਸ.ਨਗਰ।

ਹੁਕਮ ਨੰ: ਕੇ.ਡਬਲਿਊ-6/251-06 ਅਮਲਾ-2(5) ਕੋ ਸੈਲ(2)
ਮਿਤੀ , ਐਸ.ਏ.ਐਸ.ਨਗਰ: 12-8-2016

ਸ੍ਰੀਮਤੀ ਕੈਲਾਸ਼ ਰਾਣੀ, ਸਾਇੰਸ ਮਿਸਟ੍ਰੈਸ ਸਹਸ ਸੰਧਵਾਂ (ਫਰੀਦਕੋਟ) ਹੁਣ ਸਹਸ ਵੈਰੋਕੇ (ਮੋਗਾ) ਨੂੰ ਡਾਇਰੈਕਟੋਰੇਟ ਵਲੋਂ ਹੁਕਮ ਨੰ: 6/251-2006 ਅਮਲਾ-2(3) ਮਿਤੀ 10-11-16 / 1-12-2006 ਰਾਂਹੀ ਮਿਤੀ 16-6-1982 ਤੋਂ ਮਿਤੀ 22-11-1995 ਤੱਕ ਆਪਣੀ ਡਿਊਟੀ ਤੋਂ ਜਾਣ-ਬੁੱਝਕੇ ਗੈਰਹਾਜ਼ਰ ਰਹਿਣ ਕਾਰਨ, ਦੋਸ਼ ਸੂਚੀ ਜਾਰੀ ਕੀਤੀ ਗਈ ਸੀ, ਇਸ ਉਪਰੰਤ ਹੁਕਮ ਨੰ: 6/251-2006 ਅਮਲਾ-2(3) ਮਿਤੀ 22-12-2008 /23-1-2009 ਰਾਂਹੀ ਸ੍ਰੀਮਤੀ ਸੁਖਮੰਦਰ ਕੌਰ ਬਰਾੜ, ਮੰਡਲ ਸਿਖਿਆ ਅਫਸਰ, ਫਰੀਦਕੋਟ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਸੀ। ਪੜਤਾਲੀਆ ਅਫਸਰ ਵਲੋਂ ਦਿੱਤੀ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਪੜਤਾਲ ਦੌਰਾਨ ਹਾਜ਼ਰ ਹੋਈ।

ਜ਼ਿਲਾ ਸਿਖਿਆ ਅਫਸਰ (ਸੈ:ਸਿ:) ਫਰੀਦਕੋਟ ਦੇ ਰਿਕਾਰਡ ਅਨੁਸਾਰ ਕਰਮਚਾਰਨ ਨੇ ਮਿਤੀ 16-9-94 ਨੂੰ ਆਪਣੀ ਡਿਊਟੀ ਤੇ ਹਾਜ਼ਰ ਹੋਣ ਲਈ ਬਿਨੈਪੱਤਰ ਦਿੱਤਾ। ਜੋ ਕਿ ਅਧੂਰਾ ਹੋਣ ਕਾਰਨ, ਜ਼ਿਲਾ ਸਿਖਿਆ ਅਫਸਰ (ਸੈ:ਸਿ:) ਫਰੀਦਕੋਟ ਵਲੋਂ ਪੱਤਰ ਮਿਤੀ 11-10-94 ਰਾਂਹੀ ਸਿਵਲ ਸਰਜਨ, ਫਰੀਦਕੋਟ ਪਾਸੋਂ ਬਿਮਾਰੀ ਸਬੰਧੀ ਜਾਰੀ ਕੀਤਾ ਸਰਟੀਫਿਕੇਟ ਪੇਸ਼ ਕਰਨ ਲਈ ਲਿਖਿਆ ਗਿਆ। ਮਿਤੀ 14-11-94 ਰਾਂਹੀ ਕਰਮਚਾਰਨ ਨੇ ਮੰਨਿਆ ਹੈ ਕਿ ਜਿਆਦਾ ਤਕਲੀਫ ਹੋਣ ਕਾਰਨ ਉਹ ਆਪਣੀ ਡਿਊਟੀ ਤੇ ਹਾਜ਼ਰ ਨਹੀਂ ਹੋ ਸਕੀ ਅਤੇ ਨਾ ਹੀ ਉਹ ਕੋਈ ਛੁੱਟੀ ਦਾ ਬਿਨੈਪੱਤਰ ਭੇਜ ਸਕੀ। ਕਰਮਚਾਰਨ ਨੇ ਮਿਤੀ 21-7-95 ਨੂੰ ਸਿਵਲ ਸਰਜਨ, ਫਰੀਦਕੋਟ ਵਲੋਂ ਜਾਰੀ ਮਿਤੀ 20-7-95 ਦਾ ਮੈਡੀਕਲ ਫਿਟਨੈਸ ਨੱਥੀ ਕਰਦੇ ਹੋਏ, ਹਾਜ਼ਰ ਹੋਣ ਲਈ ਬੇਨਤੀ ਕੀਤੀ। ਜਿਸ ਦੇ ਅਧਾਰ ਤੇ ਜ਼ਿਲਾ ਸਿਖਿਆ ਅਫਸਰ (ਸੈ:ਸਿ:) ਫਰੀਦਕੋਟ ਵਲੋਂ ਆਪਣੇ ਹੁਕਮ ਮਿਤੀ 22-11-95 ਰਾਂਹੀ ਕਰਮਚਾਰਨ ਨੂੰ ਸਹਸ ਵੈਰੋਕੇ (ਫਰੀਦਕੋਟ) ਹੁਣ ਮੋਗਾ ਵਿਖੇ ਹਾਜ਼ਰ ਹੋਣ ਦੀ ਆਗਿਆ ਦਿੱਤੀ ਗਈ। ਕਰਮਚਾਰਨ ਮਿਤੀ 4-1-96 ਨੂੰ ਹਾਜ਼ਰ ਹੋਈ।

ਪੜਤਾਲੀਆ ਅਫਸਰ ਵਲੋਂ ਕਰਮਚਾਰਨ ਦੇ ਮਿਤੀ 16-6-82 ਤੋਂ 3-1-96 ਤੱਕ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਗੈਰਹਾਜ਼ਰ ਰਹਿਣ ਦਾ ਦੋਸ਼ ਸਿੱਧ ਕੀਤਾ ਹੈ। ਕਰਮਚਾਰਨ ਮਿਤੀ 31-10-2009 ਨੂੰ ਰਿਟਾਇਰ ਹੋ ਚੁੱਕੀ ਹੈ।

ਸ੍ਰੀਮਤੀ ਕੈਲਾਸ਼ ਰਾਣੀ, ਨੂੰ ਪੜਤਾਲ ਰਿਪੋਰਟ ਦੀ ਕਾਪੀ ਭੇਜੀ ਗਈ। ਇਸ ਸਬੰਧ ਵਿਚ, ਉਸ ਵਲੋਂ ਦਿੱਤੇ ਉੱਤਰ ਨੂੰ ਘੋਖਿਆ ਗਿਆ। ਸਬੰਧਤ ਵਲੋਂ ਗੈਰਹਾਜ਼ਰੀ ਦੇ ਸਬੰਧ ਵਿਚ ਦਿੱਤੇ ਉੱਤਰ ਦੇ ਸਨਮੁੱਖ, ਉਸ ਨੂੰ ਮੁਕੰਮਲ ਰਿਕਾਰਡ ਸਮੇਤ, ਆਪਣਾ ਪੱਖ ਪੇਸ਼ ਕਰਨ ਲਈ ਮਿਤੀ 22-7-2016 ਨੂੰ , ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਸ੍ਰੀਮਤੀ ਕੈਲਾਸ਼ ਰਾਣੀ ਨਿੱਜੀ ਸੁਣਵਾਈ ਮੌਕੇ ਹਾਜ਼ਰ ਹੋਈ। ਉਸ ਵਲੋਂ ਨਿੱਜੀ ਸੁਣਵਾਈ ਸਮੇਂ ਪੜਤਾਲ ਰਿਪੋਰਟ ਦੇ ਸਬੰਧਤ ਵਿਚ ਆਪਣਾ ਜਵਾਬ ਪੇਸ਼ ਕੀਤਾ।

ਕਰਮਚਾਰਨ ਦੀ ਗੈਰਹਾਜ਼ਰੀ ਨਾਲ ਸਬੰਧਤ ਰਿਕਾਰਡ, ਉਸ ਵਲੋਂ ਦਿੱਤੇ ਜਵਾਬ ਨੂੰ ਘੋਖਣ ਉਪਰੰਤ, ਮੇਰੀ ਇਹ ਤਸੱਲੀ ਹੋ ਗਈ ਹੈ ਕਿ ਕਰਮਚਾਰਨ ਦੇ ਸਰਕਾਰੀ ਸੇਵਾ ਤੋਂ ਮਿਤੀ 16-6-82 ਤੋਂ 3-1-96 ਤੱਕ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਜਾਣ-ਬੁੱਝਕੇ, ਗੈਰਹਾਜ਼ਰ ਰਹਿਣ ਕਾਰਨ, ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋਇਆ ਹੈ। ਜਿਸ ਕਾਰਨ ਕਰਮਚਾਰਨ ਦੀਆਂ ਸੇਵਾਵਾਂ ਖਤਮ ਕਰਨੀਆਂ ਬਣਦੀਆਂ ਸਨ, ਕਿਉਂਜੋ ਕਰਮਚਾਰਨ ਮਿਤੀ 4-1-1996 ਤੋਂ 31-10-2009 ਤੱਕ , ਡਿਊਟੀ ਤੇ ਹਾਜ਼ਰ ਰਹੀ ਹੈ, ਇਸ ਲਈ ~~ਦਿਲ ਲਈ~~ ਹਮਦਰਦੀ ਦਾ ਰਵੱਈਆ ਅਪਣਾਉਂਦੇ ਹੋਏ, ਮਿਤੀ 16-6-82 ਤੋਂ 3-1-96 ਤੱਕ ਅਤੇ ਉਸ ਤੋਂ ਪਹਿਲਾਂ ਕੀਤੀ ਸੇਵਾ ਨੂੰ ਫਾਰਫਿਟ ਕੀਤੀ ਜਾਂਦੀ ਹੈ।

ਬਲਬੀਰ ਸਿੰਘ ਢੋਲ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।

ਪਿਠ ਅੰਕਣ ਨੰ: ਉਕਤ/13065-70 ਮਿਤੀ, ਐਸ.ਏ.ਐਸ.ਨਗਰ : 26/8/16

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਜਿਲਾ ਸਿੱਖਿਆ ਅਫਸਰ (ਸੈ:ਸਿ) ਫਰੀਦਕੋਟ ਨੂੰ ਉਨਾਂ ਦੇ ਪੱਤਰ ਨੰ: ਅ-5/1()2016-1577-79 ਮਿਤੀ 29-1-16 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਦਾ ਇੰਦਰਾਜ਼ ਕਰਮਚਾਰਨ ਦੀ ਸੇਵਾਪੱਤਰੀ ਵਿਚ ਕਰ ਦਿੱਤਾ ਜਾਵੇ ਅਤੇ ਉਸ ਨੂੰ ਨੋਟ ਵੀ ਕਰਵਾ ਦਿੱਤਾ ਜਾਵੇ।
2. ਜਿਲਾ ਸਿੱਖਿਆ ਅਫਸਰ (ਸੈ:ਸਿ) ਮੋਗਾ।
3. ਮੁੱਖ ਅਧਿਆਪਕ, ਸਹਸ ਸੰਧਵਾਂ (ਫਰੀਦਕੋਟ)।
4. ਮੁੱਖ ਅਧਿਆਪਕ, ਸਹਸ ਵੈਰੋਕੇ (ਮੋਗਾ) ।
5. ਸ੍ਰੀਮਤੀ ਕੈਲਾਸ਼ ਰਾਣੀ, ਸਾਇੰਸ ਮਿਸਟ੍ਰੈਸ, ਸਹਸ ਵੈਰੋਕੇ (ਮੋਗਾ) ।

ਰਜਿਸਟਰਡ 6. ਸ੍ਰੀਮਤੀ ਕੈਲਾਸ਼ ਰਾਣੀ, ਪੁਤਰੀ ਸ੍ਰੀ ਖਰੈਤੀ ਲਾਲ, (ਰਿਟਾਇਰਡ) ਸਾਇੰਸ ਮਿਸਟ੍ਰੈਸ, ਕੇਅਰ ਆਫ Shail Boutique, Sant Ram Street, Near old Grain Market, Faridkot

ਸੁਪਰਡੰਟ ਕੋਆਰਡੀਨੇਸ਼ਨ ਸੈਲ